ਸਾਰਗ ਮਹਲਾ ੫ ॥ ਹੋਤੀ ਨਹੀ ਕਵਨ ਕਛੁ ਕਰਣੀ ॥ ਇਹੈ ਓਟ ਪਾਈ ਮਿਲਿ ਸੰਤਹ ਗੋਪਾਲ ਏਕ ਕੀ ਸਰਣੀ ॥੧॥ ਰਹਾਉ ॥ ਪੰਚ ਦੋਖ ਛਿਦ੍ਰ ਇਆ ਤਨ ਮਹਿ ਬਿਖੈ ਬਿਆਧਿ ਕੀ ਕਰਣੀ ॥ ਆਸ ਅਪਾਰ ਦਿਨਸ ਗਣਿ ਰਾਖੇ ਗ੍ਰਸਤ ਜਾਤ ਬਲੁ ਜਰਣੀ ॥੧॥ ਅਨਾਥਹ ਨਾਥ ਦਇਆਲ ਸੁਖ ਸਾਗਰ ਸਰਬ ਦੋਖ ਭੈ ਹਰਣੀ ॥ ਮਨਿ ਬਾਂਛਤ ਚਿਤਵਤ ਨਾਨਕ ਦਾਸ ਪੇਖਿ ਜੀਵਾ ਪ੍ਰਭ ਚਰਣੀ ॥੨॥੫੪॥੭੭॥ {ਪੰਨਾ 1219}

ਪਦਅਰਥ:- ਹੋਤੀ ਨਹੀ—ਨਹੀਂ ਹੋ ਸਕਦੀ। ਕਰਣੀ—ਚੰਗੀ ਕਾਰ, ਚੰਗਾ ਕਰਤੱਬ। ਮਿਲਿ—ਮਿਲ ਕੇ। ਓਟ—ਆਸਰਾ।1। ਰਹਾਉ।

ਪੰਚ ਦੋਖ—(ਕਾਮਾਦਿਕ) ਪੰਜ ਵਿਕਾਰ। ਛਿਦ੍ਰ—ਐਬ। ਇਆ ਤਨ ਮਹਿ—ਇਸ ਸਰੀਰ ਵਿਚ। ਬਿਖੈ—ਵਿਸ਼ੇ-ਵਿਕਾਰ। ਬਿਆਧਿ—ਵਿਕਾਰ। ਬਿਆਧਿ ਕੀ ਕਰਣੀ—ਵਿਕਾਰਾਂ ਵਾਲੀ ਹੀ ਕਰਤੂਤ। ਅਪਾਰ—ਅ-ਪਾਰ, ਬੇਅੰਤ। ਗਣਿ ਰਾਖੇ—ਗਿਣ ਕੇ ਰੱਖੇ ਹੋਏ, ਥੋੜੇ। ਗ੍ਰਸਤ ਜਾਤ—ਗ੍ਰਸੀ ਜਾ ਰਿਹਾ ਹੈ। ਬਲੁ—ਤਾਕਤ ਨੂੰ। ਜਰਣੀ—ਜਰਾ, ਬੁਢੇਪਾ।1।

ਅਨਾਥਹ ਨਾਥ—ਹੇ ਅਨਾਥਾਂ ਦੇ ਨਾਥ! ਸੁਖ ਸਾਗਰ—ਹੇ ਸੁਖਾਂ ਦੇ ਸਮੁੰਦਰ! ਸਰਬ ਦੋਖ ਭੈ ਹਰਣੀ—ਹੇ ਸਾਰੇ ਐਬ ਤੇ ਡਰ ਦੂਰ ਕਰਨ ਵਾਲੇ! ਮਨਿ ਬਾਂਛਤ—ਮਨ-ਮੰਗੀ ਮੁਰਾਦ। ਚਿਤਵਤ—ਚਿਤਾਰਦਾ ਰਹਿੰਦਾ ਹੈ। ਪੇਖਿ—ਵੇਖ ਕੇ। ਜੀਵਾ—ਜੀਵਾਂ, ਜੀਊਂਦਾ ਰਹਾਂ, ਆਤਮਕ ਜੀਵਨ ਹਾਸਲ ਕਰਦਾ ਰਹਾਂ।2।

ਅਰਥ:- ਹੇ ਭਾਈ! ਮੈਥੋਂ ਕੋਈ ਸੁਚੱਜਾ ਕਰਤੱਬ ਨਹੀਂ ਹੋ ਸਕਿਆ। ਸੰਤ ਜਨਾਂ ਨੂੰ ਮਿਲ ਕੇ ਸਿਰਫ਼ ਪਰਮਾਤਮਾ ਦੀ ਸਰਨ ਪਏ ਰਹਿਣਾ—ਸਿਰਫ਼ ਇਹੀ ਆਸਰਾ ਮੈਂ ਲੱਭਾ ਹੈ।1। ਰਹਾਉ।

ਹੇ ਭਾਈ! (ਕਾਮਾਦਿਕ) ਪੰਜੇ ਵਿਕਾਰ ਅਤੇ ਹੋਰ ਐਬ (ਜੀਵ ਦੇ) ਇਸ ਸਰੀਰ ਵਿਚ ਟਿਕੇ ਰਹਿੰਦੇ ਹਨ, ਵਿਸ਼ੇ-ਵਿਕਾਰਾਂ ਵਾਲੀ ਕਰਣੀ (ਜੀਵ ਦੀ) ਬਣੀ ਰਹਿੰਦੀ ਹੈ। (ਜੀਵ ਦੀਆਂ) ਆਸਾਂ ਬੇਅੰਤ ਹੁੰਦੀਆਂ ਹਨ, ਪਰ ਜ਼ਿੰਦਗੀ ਦੇ ਦਿਨ ਗਿਣੇ-ਮਿੱਥੇ ਹੁੰਦੇ ਹਨ। ਬੁਢੇਪਾ (ਜੀਵ ਦੇ ਸਰੀਰਕ) ਬਲ ਨੂੰ ਖਾਈ ਜਾਂਦਾ ਹੈ।1।

ਹੇ ਦਾਸ ਨਾਨਕ! (ਆਖ—) ਹੇ ਅਨਾਥਾਂ ਦੇ ਨਾਥ ਪ੍ਰਭੂ! ਹੇ ਦਇਆ ਦੇ ਸੋਮੇ ਪ੍ਰਭੂ! ਹੇ ਸੁਖਾਂ ਦੇ ਸਮੁੰਦਰ! ਹੇ (ਜੀਵਾਂ ਦੇ) ਸਾਰੇ ਵਿਕਾਰ ਤੇ ਡਰ ਦੂਰ ਕਰਨ ਵਾਲੇ! (ਤੇਰਾ ਦਾਸ ਤੇਰੇ ਦਰ ਤੋਂ ਇਹ) ਮਨ-ਮੰਗੀ ਮੁਰਾਦ ਚਾਹੁੰਦਾ ਹੈ ਕਿ ਹੇ ਪ੍ਰਭੂ! ਤੇਰੇ ਚਰਨਾਂ ਦਾ ਦਰਸਨ ਕਰ ਕੇ ਮੈਂ ਆਤਮਕ ਜੀਵਨ ਪ੍ਰਾਪਤ ਕਰਦਾ ਰਹਾਂ।2। 54। 77।